ਐਡਮਿੰਟਨ ਪੁਲਿਸ ਸੇਵਾ ਦਾ ਘਰੇਲੂ ਕਸੂਰਵਾਰ ਜੁਰਮ ਸੈਕਸ਼ਨ ਚੋਣਵੇ ਮਾਮਲਿਆਂ ਵਿੱਚ ਜਾਂਚ ਅਤੇ ਦਖਲ ਅੰਦਾਜੀ ਸੇਵਾਵਾਂ ਪ੍ਰਦਾਨ ਕਰਨ ਲਈ ਵਚਨ ਵੱਧ ਹੈ ਜਿੱਥੇ ਪੀੜਤਾ ਨੂੰ ਗੰਭੀਰ ਹਿੰਸਾ ਲਈ ਉੱਚ ਖਤਰੇ ਵਜੋਂ ਨਿਰਧਾਰਤ ਕੀਤਾ ਜਾਂਦਾ ਹੈ ਜਾ ਜਿੱਥੇ ਕਸੂਰਵਾਰ ਨੂੰ ਮੁੜ ਅਪਰਾਧ ਕਰਨ ਦੇ ਉਚ ਜੋਖਮ ਵਿੱਚ ਮੰਨਿਆ ਜਾਂਦਾ ਹੈ।

ਦਖਲਅੰਦਾਜ਼ੀ ਵਿੱਚ ਗੁੰਝਲਦਾਰ  ਮਾਮਲਿਆਂ ਜਾਂ ਮੂਲ ਫਾਇਲ ਵਿੱਚ ਨਾ ਪਛਾਣੇ ਗਏ ਮੁੱਦਿਆਂ  ਦੀ ਹੋਰ ਜਾਂਚ ਕਰਨਾ, ਅੱਤਿਆਚਾਰ ਦੇ ਸ਼ਿਕਾਰ ਹੋਏ ਵਿਅਕਤੀ ਨਾਲ ਇਕ ਵਿਸਤਾਰ ਪੂਰਕ ਸੁਰੱਖਿਆ ਯੋਜਨਾ ਵਿਕਸਿਤ ਕਰਨਾ ਅਤੇ ਪੀੜਿਤ ਅਤੇ ਕਮਿਊਨਿਟੀ ਏਜੰਸੀਆਂ ਨਾਲ ਪ੍ਰਭਾਵਸ਼ਾਲੀ ਤਰੀਕਿਆ ਨਾਲ ਕੰਮ ਕਰਨਾ ਸ਼ਾਮਲ ਹੈ:

- ਹਿੰਸਾ ਨੂੰ ਖਤਮ ਕਰੋ।
- ਪ੍ਰਭਾਵਿਤ ਧਿਰਾਂ ਨੂੰ ਉਹਨਾਂ ਦੇ ਜੀਵਨ ਵਿੱਚ  ਉਚਿਤ ਬਦਲਾਅ ਕਰਨ ਵਿੱਚ ਮਦਦ ਕਰੋ।
- ਘਰੇਲੂ ਹਿੰਸਾ ਦੇ ਮਾਮਲਿਆਂ ਲਈ ਢੁਕਵੇਂ ਜਵਾਬ ਵਿਕਸਿਤ ਕਰਨ ਲਈ ਨਿਗਰਾਨੀ ਰੱਖਣ ਵਾਲੇ ਮੈਂਬਰਾਂ ਨਾਲ ਕੰਮ ਕਰੋ।

**ਤੁਹਾਡੀ ਸੁਰੱਖਿਆ ਮਹੱਤਵਪੂਰਨ ਹੈ**

ਕਿਸੇ ਪੇਸ਼ਾਵਰ ਜਿਵੇਂ ਕਿ ਆਸਰਾ ਸਟਾਫ਼, ਪੀੜਤ ਸੇਵਾਵਾਂ, ਭਾਈਚਾਰਕ ਪਰਿਵਾਰਕ ਹਿੰਸਾ ਕੇਂਦਰ, ਪੁਲਿਸ ਨਾਲ ਗੱਲ ਕਰਕੇ ਆਪਣੇ ਅਤੇ ਆਪਣੇ ਬੱਚਿਆਂ ਲਈ ਇੱਕ ਸੁਰੱਖਿਆ ਯੋਜਨਾ ਬਣਾਓ। ਆਪਣੇ ਬੱਚਿਆਂ ਨੂੰ ਸੁਰੱਖਿਆ ਯੋਜਨਾਵਾਂ ਬਣਾਉਣ ਵਿੱਚ ਸ਼ਾਮਲ ਕਰਨਾ ਜਿਵੇਂ ਕਿ ਮੀਟਿੰਗ ਅਤੇ ਲੁਕਣ ਲਈ ਸਥਾਨ, ਬਚਣ ਦੇ ਰਸਤੇ, ਇਸ਼ਾਰਿਆਂ ਵਾਲੇ (ਕੋਡ) ਸ਼ਬਦ, ਆਦਿ ਉਹਨਾਂ ਨੂੰ ਸਿਖਾਉ ਕਿ 911 'ਤੇ ਕਿਵੇਂ ਕਾਲ ਕਰਨੀ ਹੈ, ਆਪਣਾ ਪਤਾ ਦੇਣਾ ਹੈ ਅਤੇ ਫ਼ੋਨ ਲਾਈਨ ਨੂੰ ਕਿਵੇਂ ਖੁੱਲ੍ਹਾ ਛੱਡਣਾ ਭਾਵ ਗੱਲਬਾਤ ਜਾਰੀ ਰੱਖਣੀ ਹੈ।

ਆਸਰੇ ਲਈ ਦੂਜਿਆਂ (ਮਿੱਤਰਾਂ, ਪਰਿਵਾਰਿਕ ਮੈਂਬਰਾਂ, ਗੁਆਂਢੀਆਂ, ਅਤੇ ਸਹਿ-ਕਰਮਚਾਰੀਆਂ) ਨੂੰ ਸ਼ਾਮਲ ਕਰੋ ਅਤੇ ਇੱਕ ਸੁਰੱਖਿਆ ਪੈਕ / ਬਸਤਾ (ਪੈਸੇ, ਕੱਪੜੇ, ਫ਼ੋਨ, ਚਾਬੀਆਂ, ਆਈਡੀ) ਨੂੰ ਕਿਤੇ ਸੁਰੱਖਿਅਤ ਰੱਖੋ ਜਿੱਥੇ ਤੁਸੀਂ ਸੰਕਟ (ਐਮਰਜੈਂਸੀ) ਵਿੱਚ ਪਹੁੰਚ ਕਰ ਸਕਦੇ ਹੋ।

**ਹਿੰਸਾ ਇੱਕ ਜੁਰਮ ਹੈ**

ਇੱਕ ਵਿਅਕਤੀ ਦਾ ਦੂਜੇ ਵਿਅਕਤੀ 'ਤੇ ਹਮਲਾ ਕਰਨਾ ਕਾਨੂੰਨ ਦੇ ਵਿਰੁੱਧ ਹੈ, ਭਾਵੇਂ ਉਸਦਾ ਸਬੰਧ ਕੋਈ ਵੀ ਹੋਵੇ। ਪਰਿਵਾਰਕ ਹਿੰਸਾ ਵਿੱਚ ਹੇਠਾਂ ਦਿੱਤੇ ਕੁਝ ਜਾਂ ਸਾਰੇ ਵਿਵਹਾਰ ਸ਼ਾਮਲ ਹੋ ਸਕਦੇ ਹਨ:

- ਸਰੀਰਕ ਸ਼ੋਸ਼ਣ
- ਭਾਵਨਾਤਮਕ ਅਤੇ ਮਾਨਸਿਕ ਸ਼ੋਸ਼ਣ
- ਅਪਰਾਧਿਕ ਪਰੇਸ਼ਾਨੀ/ਪਿੱਛਾ ਕਰਨਾ
- ਜਿਨਸੀ ਸ਼ੋਸ਼ਣ ਅਤੇ ਜਾਂ
- ਤੁਹਾਨੂੰ, ਤੁਹਾਡੇ ਬੱਚਿਆਂ, ਪਰਿਵਾਰ, ਪਾਲਤੂ ਜਾਨਵਰਾਂ, ਜਾਂ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੀਆਂ ਧਮਕੀਆਂ
- ਆਰਥਿਕ ਦੁਰਵਿਵਹਾਰ

**ਤੁਸੀਂ ਇਕੱਲੇ ਨਹੀਂ ਹੋ:**

- ਤੁਸੀਂ ਦੁਰਵਿਵਹਾਰ ਕਰਨ ਦੇ ਹੱਕਦਾਰ ਨਹੀਂ ਹੋ, ਇਹ ਤੁਹਾਡੀ ਗਲ਼ਤੀ ਨਹੀਂ ਹੈ, ਅਤੇ ਤੁਸੀਂ ਦੂਜਿਆਂ ਦੀਆਂ ਹਰਕਤਾਂ ਲਈ ਜ਼ਿੰਮੇਵਾਰ ਨਹੀਂ ਹੋ।
- ਇਸ ਪੰਨੇ 'ਤੇ ਸੂਚੀਬੱਧ ਪੁਲਿਸ ਅਤੇ ਹੋਰ ਭਾਈਚਾਰਕ ਸ੍ਰੋਤ, ਤੁਹਾਡੀ ਮਦਦ ਅਤੇ ਮਾਰਗਦਰਸ਼ਨ ਕਰਨ ਵਿੱਚ ਸਹਾਇਤਾ ਪ੍ਰਦਾਨ ਕਰ ਸਕਦੇ ਹਨ।
- ਜੇਕਰ ਤੁਹਾਡਾ ਪਤਾ ਬਦਲਦਾ ਹੈ, ਤਾਂ ਪੁਲਿਸ ਨੂੰ ਜਰੂਰੀ ਨਵੇਂ ਪਤੇ ਦੀ ਜਾਣਕਾਰੀ ਦੇਵੋ ਤਾਂ ਜੋ ਉਹ ਅਦਾਲਤ ਦੀਆਂ ਤਾਰੀਖਾਂ ਬਾਰੇ ਤੁਹਾਡੇ ਨਾਲ ਸੰਪਰਕ ਕਰ ਸਕਣ।
- ਹੇਠਾਂ ਲਿਖੇ ਮੁੱਖ ਜਾਣਕਾਰੀ ਦੇ ਵੇਰਵੇ ਤੁਹਾਨੂੰ ਪਤਾ ਹੋਣੇ ਚਾਹੀਦੇ ਹਨ ਜੇ ਤੁਸੀਂ ਘਰੇਲੂ ਹਿੰਸਾ ਦੇ ਚੱਕਰ ਵਿੱਚ ਫਸੇ ਹੋ।

**ਫ਼ੋਨ ਨੰਬਰ ਜੋ ਤੁਹਾਨੂੰ ਪਤਾ ਹੋਣੇ ਚਾਹੀਦੇ ਹਨ**

**911**: ਸਾਰੀਆਂ ਜਾਨਲੇਵਾ ਸਥਿਤੀਆਂ ਅਤੇ ਜਾਰੀ ਅਪਰਾਧਾਂ ਲਈ 911 ਤੇ ਕਾਲ ਕਰੋ।

ਐਡਮਿੰਟਨ ਪੁਲਿਸ ਸਰਵਿਸ **ਗੈਰ-ਐਮਰਜੈਂਸੀ**: ਡਾਇਲ ਕਰੋ 780-423-4567 ਜਾਂ #377 (#377 ਪਹੁੰਚ ਸਿਰਫ਼ ਸਿਟੀ ਆਫ਼ ਐੱਡਮਿੰਟਨ ਦੀਆਂ ਸੀਮਾਵਾਂ ਦੇ ਅੰਦਰ ਕੰਮ ਕਰਦੀ ਹੈ)

**ਪਰਿਵਾਰਕ ਹਿੰਸਾ ਸੂਚਨਾ ਲਾਈਨ**: ਕਾਲ ਕਰੋ: 780-310-1818 (170 ਤੋਂ ਵੱਧ ਭਾਸ਼ਾਵਾਂ ਵਿੱਚ ਗੁਪਤ ਰੂਪ ਵਿੱਚ ਮਦਦ ਪ੍ਰਾਪਤ ਕਰਨ ਲਈ।

**ਡਿਸਟ੍ਰੈਸ ਲਾਈਨ (ਸੰਕਟ ਸੰਪਰਕ):** ਜੇਕਰ ਤੁਸੀਂ ਬੇਵਸ ਮਹਿਸੂਸ ਕਰ ਰਹੇ ਹੋ, ਦੁਰਵਿਵਹਾਰ ਦਾ ਅਨੁਭਵ ਕਰ ਰਹੇ ਹੋ ਜਾਂ ਖੁਦਕੁਸ਼ੀ ਬਾਰੇ ਸੋਚ ਰਹੇ ਹੋ ਤਾਂ 780-482-HELP (4357) 'ਤੇ ਕਾਲ ਕਰੋ।

**211**: ਜੇਕਰ ਤੁਹਾਨੂੰ ਕੁਝ ਖਾਣ ਲਈ, ਸੌਣ ਲਈ ਜਗ੍ਹਾ, ਅਤੇ/ਜਾਂ ਕਿਸੇ ਨਾਲ ਗੱਲ ਕਰਨ ਦੀ ਲੋੜ ਹੋਵੇ ਤਾਂ 211 ਨੂੰ ਕਾਲ ਕਰੋ।
**811**: 24/7 ਚੌਵੀ ਘੰਟੇ ਸਿਹਤ ਸਲਾਹ ਲਈ 811 'ਤੇ ਕਾਲ ਕਰੋ।

**ਸੰਕਟ ਪ੍ਰਤੀਕਿਰਿਆ ਟੀਮ (ਮਾਨਸਿਕ ਸਿਹਤ)**: 24/7 ਸਹਾਇਤਾ ਲਾਈਨ ਨੂੰ 780-424-2424 'ਤੇ ਕਾਲ ਕਰੋ। ਜੇਕਰ ਤੁਸੀਂ ਵਾਧੂ ਜਾਣਕਾਰੀ, ਪ੍ਰੋਗਰਾਮ ਅਤੇ ਸਹਾਇਤਾ ਲੱਭਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਅਲਬਰਟਾ ਹੈਲਥ ਸਰਵਿਸ ਦਾ ਨਸ਼ਾ ਅਤੇ ਮਾਨਸਿਕ ਸਿਹਤ ਵੈੱਬ ਪੇਜ ਦੇਖੋ।

## ਜਦੋਂ ਤੁਸੀਂ ਪੁਲਿਸ ਨੂੰ ਕਾਲ ਕਰੋ ਤਾਂ ਕੀ ਉਮੀਦ ਕਰਨੀ ਚਾਹੀਦੀ ਹੈ

### ਜਦੋਂ ਤੁਸੀਂ 911 'ਤੇ ਕਾਲ ਕਰਦੇ ਹੋ

- ਪੁਲਿਸ ਨੂੰ ਭੇਜ ਦਿੱਤਾ ਜਾਵੇਗਾ ਭਾਵੇਂ ਤੁਹਾਡੀ 911 ਓਪਰੇਟਰ ਨਾਲ ਗੱਲਬਾਤ ਹੋਈ ਹੈ ਜਾਂ ਨਹੀਂ।
- ਜੇਕਰ ਸੰਭਵ ਹੋਵੇ ਤਾਂ ਇੱਕ ਜਾਂਚ ਕਰਤਾ ਜਾਣਕਾਰੀ ਇਕੱਠੀ ਕਰਨ ਲਈ ਤੁਹਾਡੇ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰੇਗਾ।
- ਪੁਲਿਸ ਘਟਨਾ ਦਾ ਜਾਇਜ਼ਾ ਲੈਣ ਪਹੁੰਚੇਗੀ।
- ਬੋਲੀ ਸਮਝਣ ਵਿੱਚ ਰੁਕਾਵਟ ਹੋ ਸਕਦੀ ਹੈ।
- ਜਦੋਂ ਸਥਿਤੀ ਸੁਰੱਖਿਅਤ ਹੁੰਦੀ ਹੈ, ਤਾਂ ਤੁਹਾਡੀ ਬੋਲੀ ਸਮਝਣ ਤੇ ਬੋਲਣ ਵਾਲੇ ਦੁਭਾਸ਼ੀਏ ਲਈ ਬੇਨਤੀ ਕੀਤੀ ਜਾ ਸਕਦੀ ਹੈ।
- ਪੁਲਿਸ ਸ਼ਿਕਾਇਤਕਰਤਾ (ਪੀੜਤ), ਗਵਾਹਾਂ ਅਤੇ ਫਿਰ ਦੋਸ਼ੀ ਦੀ ਇੰਟਰਵਿਊ ਕਰੇਗੀ ਅਤੇ ਬਿਆਨ ਇਕੱਠੇ ਕਰੇਗੀ।
- ਸ਼ਿਕਾਇਤਕਰਤਾ ਦੀ ਸੱਟਾਂ ਦੀ ਜਾਂਚ ਕਰੇਗੀ।
- ਇਹ ਨਿਰਧਾਰਤ ਕਰਨ ਲਈ ਸਬੂਤ ਇਕੱਠੇ ਕਰ ਕੇ ਦੋਸ਼ੀ ਦੀ ਗ੍ਰਿਫਤਾਰੀ ਕੀਤੀ ਜਾ ਸਕਦੀ ਹੈ (ਜਿਵੇਂ: ਸੱਟਾਂ ਦੀਆਂ ਫੋਟੋਆਂ ਲਵੋ)।
- ਜੇਕਰ ਜ਼ਰੂਰੀ ਸਮਝਿਆ ਜਾਵੇ ਤਾਂ ਸ਼ਿਕਾਇਤਕਰਤਾ ਨਾਲ ਸੁਰੱਖਿਆ ਯੋਜਨਾ ਬਾਣਉ।
- ਪੁਲਿਸ ਦੋਸ਼ ਚਾਰਜ ਲਾਵੇਗੀ ਜੇਕਰ ਇਹ ਵਿਸ਼ਵਾਸ ਕਰਨ ਦਾ ਆਧਾਰ ਹੈ ਕਿ ਹਮਲੇ ਦਾ ਅਪਰਾਧ ਕੀਤਾ ਗਿਆ ਹੈ।
- ਆਈ ਪੀ ਵੀ (**intimate partner violence**) ਜਾਂਚਾਂ ਵਿੱਚ ਪੁਲਿਸ ਇਹ ਨਿਰਧਾਰਤ ਕਰਦੀ ਹੈ ਕਿ ਕੀ ਦੋਸ਼ ਲਗਾਏ ਗਏ ਹਨ, ਕੀ ਸ਼ਿਕਾਇਤਕਰਤਾ ਚਾਰਜ ਲਗਾਉਣਾ ਚਾਹੁੰਦਾ ਹੈ ਜਾਂ ਨਹੀਂ।
- ਪੁਲਿਸ ਦੁਆਰਾ ਇਕੱਠੇ ਕੀਤੇ ਸਬੂਤਾਂ ਦੁਆਰਾ ਦੋਸ਼ ਨਿਰਧਾਰਤ ਕੀਤੇ ਜਾਂਦੇ ਹਨ।
- ਪੁਲਿਸ ਵਿਚੋਲਗਿਰੀ ਨਹੀਂ ਕਰਦੀ।

### ਜਦੋਂ ਤੁਸੀਂ ਐਡਮਿੰਟਨ ਪੁਲਿਸ (EPS) ਦੇ ਗੈਰ-ਐਮਰਜੈਂਸੀ ਲਾਈਨ 'ਤੇ ਕਾਲ ਕਰਦੇ ਹੋ

ਜਦੋ ਤੁਸੀਂ ਇੱਕ ਜਾਂਚ ਅਧਿਕਾਰੀ ਵਿਅਕਤੀ ਨਾਲ ਗੱਲ ਕਰਦੇ ਹੋ ਜੋ ਇਸ ਬਾਰੇ ਜਾਣਕਾਰੀ ਇਕੱਠੀ ਕਰਨ ਲਈ ਸਵਾਲ ਪੁੱਛੇਗਾ ਕਿ ਪੁਲਿਸ ਦੀ ਲੋੜ ਕਿਉਂ ਹੈ ਜਾਂਚ ਅਧਿਕਾਰੀ ਤੁਹਾਡੀ ਭਾਸ਼ਾ ਜਾਂ ਉਪਭਾਸ਼ਾ ਬੋਲ ਸਕਦਾ ਹੋਵੇਗਾ ਹੈ ਜਾਂ ਨਹੀਂ।

- ਪੁਲਿਸ ਹਾਜ਼ਰ ਹੋਵੇਗੀ।
- ਪੁਲਿਸ ਐਮਰਜੈਂਸੀ ਸਥਿਤੀ ਵਿੱਚ ਨਿਰਧਾਰਿਤ ਕਦਮਾਂ ਦੀ ਪਾਲਣਾ ਕਰੇਗੀ।

**ਐਮਰਜੈਂਸੀ ਪ੍ਰੋਟੈਕਸ਼ਨ ਆਰਡਰ (ਇੰਟੀਮੇਟ ਪਾਰਟਨਰ ਹਿੰਸਾ ਲਈ EPS)**

ਐਮਰਜੈਂਸੀ ਪ੍ਰੋਟੈੱਕਸ਼ਨ ਆਰਡਰ (ਈਪੀਓ) ਉਦੋਂ ਉਪਲਬਧ ਹੁੰਦੇ ਹਨ ਜਦੋਂ ਪਰਿਵਾਰ ਦੇ ਮੈਂਬਰਾਂ ਵਿਚਕਾਰ ਹਿੰਸਾ, ਪਰੇਸ਼ਾਨੀ ਜਾਂ ਧਮਕੀ ਭਰਿਆ ਵਿਵਹਾਰ ਹੁੰਦਾ ਹੈ। EPO ਦੇਣ ਲਈ, ਅਦਾਲਤਾਂ ਨੂੰ ਇਹ ਨਿਰਧਾਰਤ ਕਰਨਾ ਚਾਹੀਦਾ ਹੈ ਕਿ ਪਰਿਵਾਰਕ ਹਿੰਸਾ ਹੋਈ ਹੈ, ਪੀੜਤ ਕੋਲ ਕਾਰਨ ਹੈ ਕਿ ਹਿੰਸਾ ਜਾਰੀ ਰਹੇਗੀ ਅਤੇ ਪੀੜਤ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਦੀ ਤੁਰੰਤ ਸੁਰੱਖਿਆ ਦੀ ਲੋੜ ਹੈ।

ਕਾਨੂੰਨ ਦੇ ਅਧੀਨ "ਪਰਿਵਾਰਕ ਮੈਂਬਰਾਂ" ਵਜੋਂ ਪਹਿਲਾਂ ਯੋਗਤਾ ਪ੍ਰਾਪਤ ਕਰਨ ਲਈ ਤੁਹਾਨੂੰ ਹੇਠਾਂ ਦਿੱਤੇ ਕਸਵੱਟੀ ਵਿੱਚੋਂ ਇੱਕ ਨੂੰ ਪੂਰਾ ਕਰਨਾ ਹੋਵੇਗਾ:

1. ਵਿਆਹਿਆ ਜਾਂ ਵਿਆਹਿਆ ਹੋਇਆ ਹੈ।
2. ਇੱਕ ਦੂਜੇ ਦੇ ਬਾਲਗ ਪਰਸਪਰ ਨਿਰਭਰ ਭਾਈਵਾਲ ਹਨ ਜਾਂ ਰਹੇ ਹਨ
3. ਰਿਸ਼ਤਾ ਖ਼ੂਨ, ਵਿਆਹ, ਜਾਂ ਗੋਦ ਲੈਣ ਨਾਲ ਸੰਬੰਧਿਤ ਹੋਇਆ ਹੈ।
4. ਇੱਕ ਗੂੜ੍ਹੇ ਰਿਸ਼ਤੇ ਵਿੱਚ ਇਕੱਠੇ ਰਹਿੰਦੇ ਹਨ ਜਾਂ ਰਹਿ ਚੁੱਕੇ ਹਨ।
5. ਇੱਕ ਜਾਂ ਇੱਕ ਤੋਂ ਵੱਧ ਬੱਚਿਆਂ ਦੇ ਇਕੱਠੇ ਮਾਪੇ ਹਨ।
6. ਕੀ ਬੱਚੇ ਉੱਪਰ ਲਿਖੇ ਵਿਅਕਤੀ ਦੀ ਦੇਖਭਾਲ ਵਿੱਚ ਹਨ।
7. ਅਦਾਲਤ ਦੇ ਹੁਕਮਾਂ ਦੇ ਅਨੁਸਾਰ ਇਕੱਠੇ ਰਹਿੰਦੇ ਹਨ ਅਤੇ ਇੱਕ ਜਣਾ ਦੇਖਭਾਲ ਅਤੇ ਨਿਯੰਤਰਣ ਕਰਦਾ ਹੈ ਦੂਜੇ ਨਾਲੋਂ।

** ਡੇਟਿੰਗ ਸਬੰਧ ਜੋ ਉੱਪਰ ਲਿਖੇ ਵਿੱਚੋਂ ਕਿਸੇ ਇੱਕ ਨੂੰ ਪੂਰਾ ਨਹੀਂ ਕਰਦੇ ਹਨ, ਉਹ ਇੱਕ ਨਾ ਮਿਲਣ ਜੁਲਣ ਦੇ ਆਦੇਸ਼ ਲਈ ਅਰਜ਼ੀ ਦੇ ਸਕਦੇ ਹਨ**

**ਨੋਟ**: ਈਪੀਓ ਆਪਣੇ ਆਪ ਨਹੀਂ ਦਿੱਤੇ ਜਾਂਦੇ ਭਾਵੇਂ ਤੁਸੀਂ ਅਰਜ਼ੀ ਦੇਣ ਦੇ ਯੋਗ ਹੋ। ਇੱਕ ਜੱਜ (ਪਹਿਲਾਂ "ਪ੍ਰੋਵਿੰਸ਼ੀਅਲ ਕੋਰਟ ਦਾ ਜੱਜ"), ਜਾਂ ਅਲਬਰਟਾ ਕੋਰਟ ਆਫ਼ ਜਸਟਿਸ ਦਾ ਇੱਕ ਜਸਟਿਸ ਆਫ਼ ਦਾ ਪੀਸ, ਤੁਹਾਡੀ ਅਰਜ਼ੀ 'ਤੇ ਵਿਚਾਰ ਕਰੇਗਾ ਅਤੇ ਫੈਸਲਾ ਕਰੇਗਾ ਕਿ ਸੁਣਵਾਈ ਦੀ ਸਮਾਪਤੀ 'ਤੇ ਈਪੀਓ (EPO) ਦਿੱਤਾ ਜਾਵੇਗਾ ਜਾਂ ਨਹੀਂ।

**ਤੁਸੀਂ ਵਿਅਕਤੀਗਤ ਤੌਰ 'ਤੇ, ਈਮੇਲ ਜਾਂ ਟੈਲੀਫੋਨ ਰਾਹੀਂ ਇੱਕ ਸੰਕਟਕਾਲੀਨ ਸੁਰੱਖਿਆ ਆਦੇਸ਼ (EPO) ਪ੍ਰਾਪਤ ਕਰ ਸਕਦੇ ਹੋ।**

**ਵਿਅਕਤੀਗਤ ਤੌਰ ਤੇ**:

ਐੱਡਮਿੰਟਨ ਲਾਅ ਕੋਰਟਸ ਅਤੇ ਫੈਮਲੀ ਐਂਡ ਯੂਥ ਕਲਰਕਾਂ (ਕਾਨੂੰਨੀ ਅਦਾਲਤ), ਦਾ ਦਫਤਰ (1A ਸਰ ਵਿੰਸਟਨ ਚਰਚਿਲ ਸਕੁਏਅਰ ਵਿਖੇ ਸਥਿਤ ਹੈ।)

ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8:15 (a.m.) ਵਜੇ ਤੋਂ ਦੁਪਹਿਰ 3:30 (p.m.) ਵਜੇ ਤੱਕ

ਉੱਥੇ ਪਹੁੰਚਣ 'ਤੇ ਤੁਹਾਨੂੰ ਮੁਫਤ ਐਮਰਜੈਂਸੀ ਪ੍ਰੋਟੈਕਸ਼ਨ ਆਰਡਰ ਪ੍ਰੋਗਰਾਮ ("EPOP") ਕਾਨੂੰਨੀ  ਸਹਾਇਤਾ ਵਕੀਲ (ਲੀਗਲ ਏਡ) ਨਾਲ ਇੱਕ EPO ਐਪਲੀਕੇਸ਼ਨ ਭਰਨ ਦਾ ਨਿਰਦੇਸ਼ ਦਿੱਤਾ ਜਾਵੇਗਾ। ਜੇਕਰ ਹਾਜ਼ਰ ਹੋਣ ਤੋਂ ਪਹਿਲਾਂ ਤੁਹਾਡੇ ਕੋਈ ਸਵਾਲ ਹਨ ਤਾਂ (780) 422-4730 'ਤੇ ਕਾਲ ਕਰੋ।

ਜਾਂ

ਐੱਡਮਿੰਟਨ ਲਾਅ ਕੋਰਟਸ (99-ਸਟ੍ਰੀਟ ਤੋਂ ਅੰਦਰ ਆਉਣ ਵਾਲੇਂ ਰਾਹ) ਤੋਂ ** ਐੱਡਮਿੰਟਨ ਹੀਅਰਿੰਗ ਆਫਿਸ ਸਾਈਨ ਲੱਭੋ**

ਸੋਮਵਾਰ ਤੋਂ ਸ਼ੁੱਕਰਵਾਰ, ਸ਼ਾਮ 4:00 (p.m.) ਵਜੇ ਤੋਂ ਰਾਤ 11:00 (p.m.) ਵਜੇ ਵਿਚਕਾਰ

ਜਾਂ ਸ਼ਨੀਵਾਰ ਤੋਂ ਐਤਵਾਰ ਸਵੇਰੇ 8:00 (a.m.) ਵਜੇ ਤੋਂ ਰਾਤ 11:00 (p.m.) ਵਜੇ ਵਿਚਕਾਰ

ਤੁਹਾਨੂੰ ਦਰਵਾਜ਼ੇ 'ਤੇ ਲਿਖੇ ਟੈਲੀਫੋਨ ਨੰਬਰ 'ਤੇ ਕਾਲ ਕਰਨ ਦੀ ਜ਼ਰੂਰਤ ਹੋਏਗੀ ਅਤੇ ਇੱਕ ਤਾਇਨਾਤ ਸੁਰੱਖਿਆ ਗਾਰਡ (ਵਿਅਕਤੀ) ਤੁਹਾਨੂੰ ਅੰਦਰ ਆਉਣ ਦੇਵੇਗਾ। ਸੁਰੱਖਿਆ ਪ੍ਰੋਟੋਕੋਲ / ਨੀਤੀ ਪ੍ਰਭਾਵ ਵਿੱਚ ਹਨ ਜਿਸ ਵਿੱਚ ਮੈਟਲ ਡਿਟੈਕਟਰ (ਧਾਤ ੍ਯੰਤਰ) ਦੀ ਵਰਤੋਂ ਸ਼ਾਮਲ ਹੈ।

**ਈਮੇਲ/ਟੈਲੀਫੋਨ**:

*** ਫੋਟੋਗ੍ਰਾਫਿਕ ਪਛਾਣ (ਫੋਟੋ ਆਈ.ਡੀ), ਇੱਕ ਈਮੇਲ ਤੱਕ ਪਹੁੰਚ ਅਤੇ ਇਲੈਕਟ੍ਰਾਨਿਕ ਦਸਤਾਵੇਜ਼ ਦੀ ਕਾਪੀ ਭੇਜਣ ਦੇ ਸਾਧਨ ਹੋਣੇ ਚਾਹੀਦੇ ਹਨ***

*** ਜੇ ਅੰਗਰੇਜ਼ੀ ਤੁਹਾਡੀ ਮੁੱਖ ਭਾਸ਼ਾ ਨਹੀਂ ਹੈ, ਜਾਂ ਤੁਹਾਡੇ ਕੋਲ ਉੱਪਰ ਲਿਖੇ ਸਾਧਨਾਂ ਵਿੱਚੋਂ ਕੁਝ ਵੀ ਨਹੀਂ ਹੈ, ਤਾਂ ਪੁਲਿਸ ਤੁਹਾਡੀ ਤਰਫ਼ੋਂ EPO ਲਈ ਅਰਜ਼ੀ ਦੇਣ ਦੇ ਯੋਗ ਹੋ ਸਕਦੀ ਹੈ ***

ਸੁਣਵਾਈ ਦਫ਼ਤਰ ਦੁਆਰਾ ਅਰਜ਼ੀਆਂ ਨੂੰ ਸੋਮਵਾਰ ਤੋਂ ਸ਼ੁੱਕਰਵਾਰ ਸ਼ਾਮ 4:00 ਵਜੇ ਤੋਂ ਸਵੇਰੇ 8:00 (a.m.) ਵਜੇ ਤੱਕ ਸਵੀਕਾਰ ਕੀਤਾ ਜਾਦਾ ਹੈ।

ਸ਼ਾਮ 4:00 (p.m.) ਤੋਂ 11:00 (p.m.) ਵਜੇ ਦੇ ਵਿਚਕਾਰ Hearingoffice.Edmonton@just.gov.ab.ca ਨੂੰ ਈਮੇਲ ਕਰੋ।

ਜਾਂ ਸਵੇਰੇ 12:00 ਵਜੇ ਤੋਂ ਸਵੇਰੇ 8:00 ਵਜੇ ਦੇ ਵਿਚਕਾਰ Hearingoffice.Calgary@just.gov.ab.ca ਨੂੰ ਈਮੇਲ ਕਰੋ।

ਦਰਖਾਸਤਾਂ ਸ਼ਨਿੱਚਰਵਾਰ, ਐਤਵਾਰ ਅਤੇ ਕਾਨੂੰਨੀ ਛੁੱਟੀ ਵਾਲੇ ਦਿਨ 24 ਘੰਟੇ ਸੁਣਵਾਈ ਦਫ਼ਤਰ ਨੂੰ ਇਸ ਪਤੇ ਤੇ Hearingoffice.Calgary@just.gov.ab.ca' ਈਮੇਲ ਕਰ ਕੇ ਵੀ ਭੇਜੀਆਂ ਜਾ ਸਕਦੀਆਂ ਹਨ।

**ਪ੍ਰਵਾਨਿਤ ਅਰਜ਼ੀਆਂ:**

ਤੁਹਾਡੀ ਅਰਜ਼ੀ ਮਨਜ਼ੂਰ ਹੋ ਜਾਣ ਤੋਂ ਬਾਅਦ, ਤੁਹਾਨੂੰ EPO ਦੀ ਇੱਕ ਕਾਪੀ ਅਤੇ ਲੀਗਲ ਏਡਜ਼ EPOP ਤੋਂ ਉਪਲਬਧ ਮੁਫ਼ਤ ਸਹਾਇਤਾ ਬਾਰੇ ਜਾਣਕਾਰੀ, EPO ਸਮੀਖਿਆ (ਰਿਵਿਊ) ਦੀ ਮਿਤੀ ਨੂੰ ਕਿੰਗਜ਼ ਬੈਂਚ ਵਿੱਚ ਮਿਲੇਗੀ। ਸਮੀਖਿਆ ਦੀ ਮਿਤੀ (ਤੁਹਾਨੂੰ ਪ੍ਰਾਪਤ ਹੋਣ ਵਾਲੇ), EPO ਦੀ ਕਾਪੀ 'ਤੇ ਹੋਵੇਗੀ।
ਜੇਕਰ ਤੁਸੀਂ ਚਾਹੁੰਦੇ ਹੋ ਕਿ EPO ਸਮੀਖਿਆ ਦੀ ਮਿਤੀ ਤੋਂ ਅੱਗੇ ਜਾਰੀ ਰਹੇ, ਤਾਂ ਤੁਹਾਨੂੰ ਵਿਅਕਤੀਗਤ ਤੌਰ 'ਤੇ, ਵਰਚੁਅਲ ਤੌਰ 'ਤੇ, ਜਾਂ ਫ਼ੋਨ ਦੁਆਰਾ ਇੱਕ ਨਿਸ਼ਚਿਤ ਮਿਤੀ 'ਤੇ ਪੇਸ਼ ਹੋਣ ਦੀ ਲੋੜ ਹੋਵੇਗੀ।
ਜੇ ਹਾਜ਼ਰ ਹੋ ਰਹੇ ਹੋ:

1. ਵਰਚੁਅਲ (ਕੈਮਰੇ ਰਾਹੀਂ): ਇੱਥੇ ਲਿੰਕ 'ਤੇ ਕਲਿੱਕ ਕਰੋ
2. 1-780-851-3573 'ਤੇ ਫ਼ੋਨ ਕਰੋ - ਐਕਸੈਸ ਕੋਡ/ਮੀਟਿੰਗ #:187 045 7913
3. ਸੁਣਵਾਈ ਦਾ ਦਫ਼ਤਰ ਜਵਾਬਦਾਤਾ 'ਤੇ EPO ਦੀ ਨਿੱਜੀ ਸੇਵਾ ਨੂੰ ਪ੍ਰਭਾਵਤ ਕਰਨ ਲਈ ਤੁਹਾਡਾ EPO ਐਡਮਿੰਟਨ ਪੁਲਿਸ ਸੇਵਾ ਨੂੰ ਵੀ ਭੇਜੇਗਾ।
4. ਤੁਹਾਨੂੰ ਆਪਣੇ ਆਪ ਹੀ ਕਾਨੂੰਨੀ ਸਹਾਇਤਾ ਦੁਆਰਾ ਡਿਊਟੀ ਸਲਾਹਕਾਰ (ਤੁਹਾਡੇ ਲਈ) ਨਿਯੁਕਤ ਕੀਤਾ ਜਾਵੇਗਾ। EPOP ਇਨਟੇਕ ਲਾਈਨ (780) 422-9222 'ਤੇ ਆਪਣਾ ਨਾਮ, ਸੰਪਰਕ ਜਾਣਕਾਰੀ ਅਤੇ ਸਮੀਖਿਆ ਮਿਤੀ ਦੀ ਜਾਣਕਾਰੀ ਦੇ ਕੇ ਇੱਕ ਸੁਨੇਹਾ (ਵੌਇਸਮੇਲ ਮੈਸਜ) ਛੱਡ ਕੇ ਸੰਪਰਕ ਕਰੋ।

**ਸਹਾਇਤਾ ਸਰੋਤ**

1. ਅਲਬਰਟਾ ਕੌਂਸਲ ਆਫ਼ ਵੂਮੈਨਜ਼ ਸ਼ੈਲਟਰਸ (ਔਰਤਾਂ ਦੇ ਆਸਰਾ ਸਥਾਨ)
   - ਜੇਕਰ ਤੁਹਾਨੂੰ ਆਪਣੇ ਨੇੜੇ ਦੇ ਆਸਰਾ-ਘਰ ਵਿੱਚ ਕਿਸੇ ਨਾਲ ਗੱਲ ਕਰਨ ਦੀ ਲੋੜ ਹੈ, ਤਾਂ ਟੋਲ-ਫ੍ਰੀ, 24/7 ਮਦਦ ਲਾਈਨ (ਹੌਟਲਾਈਨ) ਨੂੰ 1-866-331-3933 'ਤੇ ਕਾਲ ਕਰੋ ਜਾਂ ਆਪਣੇ ਖੇਤਰ ਵਿੱਚ ਆਸਰਾ-ਘਰਾਂ ਦੀ ਸੂਚੀ ਲਈ ਵੈੱਬਪੇਜ 'ਤੇ ਜਾਉ।
2. ਮਰਦਾਂ ਅਤੇ ਔਰਤਾਂ ਦੇ ਸਮੂਹਾਂ ਲਈ ਕਾਉਂਸਲਿੰਗ ਬਾਰੇ ਜਾਣਕਾਰੀ ਲਈ ਮੋਅਮੈਂਟੰਮ ਸਲਾਹ ਸੇਵਾਵਾਂ ਨਾਲ ਸੰਪਰਕ ਕਰੋ ਜਾਂ 780-757-0900 'ਤੇ ਕਾਲ ਕਰੋ।
3. ਐਡਮਿੰਟਨ ਪੁਲਿਸ ਸਰਵਿਸ ਕ੍ਰਾਈਮ (ਅਪਰਾਧ) ਐਂਡ ਟਰੌਮਾ ਇਨਫੋਰਮਡ ਸਪੋਰਟ ਸਰਵਿਸਿਜ਼ (ਸਦਮਾ ਸਹਾਇਤਾ ਸੇਵਾਵਾਂ) - ਵਿਕਟਿਮ ਸਪੋਰਟ ਅਤੇ ਕੋਰਟ ਓਰੀਐਂਟੇਸ਼ਨ (ਪਰਿਚੈ / ਜਾਣਕਾਰੀ) ਨੂੰ 780-421-2217 'ਤੇ ਕਾਲ ਕਰੋ ਜਾਂ ਦਖਲ ਅਤੇ ਸਹਾਇਤਾ ਲਈ **ctss@edmontonpolice.ca** ਤੇ ਈਮੇਲ ਕਰੋ।
4. ਅਲਬੱਰਟਾ ਵਾਸੀ (ਅਲਬੱਰਟਨਸ) ਫਲੀਂਗ ਐਬਿਊਜ਼ ਲਈ ਆਸਰਾ
   - ਦੁਰਵਿਵਹਾਰ ਵਾਲੀ ਸਥਿਤੀ ਵਿੱਚ ਅਲਬੱਰਟਾ ਵਾਸੀ ਅਲਬੱਰਟਾ ਵਿੱਚ ਕਿਤੇ ਵੀ 1-866-644-5135 ਟੋਲ ਫ੍ਰੀ 'ਤੇ ਕਾਲ ਕਰਕੇ ਅਲਬਰਟਾ ਵਰਕਸ ਫਲੀਇੰਗ ਐਬਿਊਜ਼ ਫੰਡ ਦੁਆਰਾ 24/7 ਸਹਾਇਤਾ ਪ੍ਰਾਪਤ ਕਰ ਸਕਦੇ ਹਨ।

- ਟੂਡੇ ਫੈਮਿਲੀ ਵਾਇਲੈਂਸ ਸੈਂਟਰ ਪਰਿਵਾਰਕ ਹਿੰਸਾ ਦਾ ਸ਼ਿਕਾਰ ਹੋਏ ਉਹਨਾਂ ਸਾਰੇ ਲਿੰਗਾਂ ਦੇ ਬਾਲਗਾਂ ਲਈ ਇੱਕ ਗੁਪਤ, ਮੁਫਤ, ਸੁਰੱਖਿਅਤ, ਤੇ ਸੰਮਲਿਤ ਸਥਾਨ ਦੀ ਪੇਸ਼ਕਸ਼ ਕਰ ਕੇ ਭਾਵਨਾਤਮਕ ਅਤੇ ਵਿਹਾਰਕ ਸਹਾਇਤਾ ਦਿੰਦੀ ਹੈ। ਟੂਡੇ ਫੈਮਿਲੀ ਵਾਇਲੈਂਸ ਸੈਂਟਰ ਦੀ ਟੀਮ ਵਿੱਚ ਉੱਚ ਸਿਖਲਾਈ ਪ੍ਰਾਪਤ ਪਰਿਵਾਰਕ ਹਿੰਸਾ ਮਾਹਰ ਸ਼ਾਮਲ ਹੁੰਦੇ ਹਨ ਜੋ ਸੁਰੱਖਿਅਤ ਰਹਿਣ ਲਈ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਸਹਾਇਤਾ ਕਰ ਸਕਦੇ ਹਨ। ਕੇਂਦਰ ਤੱਕ ਫ਼ੋਨ: 780-455-6880 ਜਾਂ **info@thetodaycentre.ca** ਈਮੇਲ ਰਾਹੀਂ ਪਹੁੰਚਿਆ ਜਾ ਸਕਦਾ ਹੈ

5 ਜਿਨਸੀ ਹਮਲੇ, ਬਜ਼ੁਰਗਾਂ ਨਾਲ ਬਦਸਲੂਕੀ ਅਤੇ ਬੱਚਿਆਂ ਦੀਆਂ ਸੇਵਾਵਾਂ ਲਈ ਸਰੋਤ

- ਅਲਬਰਟਾ ਐਸੋਸੀਏਸ਼ਨ ਆਫ ਸੈਕਸੁਅਲ ਅਸਾਲਟ ਸਰਵਿਸਿਜ਼ - ਜੇਕਰ ਤੁਸੀਂ ਜਿਨਸੀ ਹਮਲੇ ਦੇ ਸ਼ਿਕਾਰ ਹੋਏ ਹੋ ਅਤੇ ਤੁਹਾਨੂੰ ਸਹਾਇਤਾ ਜਾਂ ਸਹਾਇਤਾ ਦੀ ਲੋੜ ਹੈ, ਤਾਂ 1-866-403-8000 'ਤੇ 24-ਘੰਟੇ (24/7) ਸਹਾਇਤਾ ਲਾਈਨ ਟੋਲ ਫ੍ਰੀ ਨੂੰ ਕਾਲ ਕਰੋ ਜਾਂ ਟੈਕਸਟ ਕਰੋ।
- ਸੈਕਸੁਅਲ ਅਸਾਲਟ ਸੈਂਟਰ (SACE) ਨੂੰ ਇੱਥੇ ਫ਼ੋਨ ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ: 780-423-4102 SACE ਬਿਨਾਂ ਕਿਸੇ ਫੀਸ ਦੇ ਵਿਸ਼ੇਸ਼ ਸਹਾਇਤਾ ਸੇਵਾਵਾਂ ਪ੍ਰਦਾਨ ਕਰਦਾ ਹੈ।
- ਸ਼ੇਰਵੁੱਡ ਪਾਰਕ ਵਿੱਚ ਸੇਫਰਨ ਸੈਂਟਰ ਨੂੰ ਇੱਥੇ ਫੋਨ ਕਰਕੇ ਪਹੁੰਚਿਆ ਜਾ ਸਕਦਾ ਹੈ: 780-449-0900। ਕੇਂਦਰ ਸਲਾਈਡਿੰਗ ਪੈਮਾਨੇ 'ਤੇ ਵਿਸ਼ੇਸ਼ ਸਹਾਇਤਾ ਲਈ ਸੇਵਾਵਾਂ ਪ੍ਰਦਾਨ ਕਰਦਾ ਹੈ।
- ਇੱਥੇ ਐੱਡਮਿੰਟਨ ਪੁਲਿਸ ਸਰਵਿਸ ਦੀ **ਵੈੱਬਸਾਈਟ** ਰਾਹੀਂ ਜਿਨਸੀ ਹਮਲਿਆਂ ਦੀ ਔਨਲਾਈਨ ਰਿਪੋਰਟ ਕੀਤੀ ਜਾ ਸਕਦੀ ਹੈ।
- ਬਜ਼ੁਰਗਾਂ ਨਾਲ ਬਦਸਲੂਕੀ ਬਾਰੇ ਸਰੋਤਾਂ ਅਤੇ ਜਾਣਕਾਰੀ ਲਈ, 24/7 ਹੈਲਪਲਾਈਨ ਨੂੰ 780-454-8888 'ਤੇ ਕਾਲ ਕਰੋ। ਬਜ਼ੁਰਗਾਂ ਨਾਲ ਦੁਰਵਿਵਹਾਰ ਅਤੇ ਸਹਾਇਤਾ ਦੇ ਸਬੰਧ ਵਿੱਚ ਰਿਪੋਰਟਿੰਗ ਅਤੇ ਸਲਾਹ ਲਈ, ਦਿਨ ਦੇ ਸਮੇਂ ਦੌਰਾਨ 780-477-2929 'ਤੇ ਐਲਡਰ ਅਬਿਊਜ਼ ਇਨਟੇਕ ਲਾਈਨ ਨੂੰ ਕਾਲ ਕਰੋ।
- ਚਿਲਡਰਨ ਸਰਵਿਸਿਜ਼ ਇੱਕ 24-ਘੰਟੇ ਸੰਕਟ ਯੂਨਿਟ ਦੀ ਪੇਸ਼ਕਸ਼ ਕਰਦੀ ਹੈ ਜਿਸ ਤੱਕ ਫ਼ੋਨ ਰਾਹੀਂ ਪਹੁੰਚਿਆ ਜਾ ਸਕਦਾ ਹੈ: 780-422-2001 ਜਾਂ 1-800-638-0715 'ਤੇ ਟੋਲ ਫ੍ਰੀ ਕਾਲ ਕਰੋ।

6 ਸਮਾਧਾਨ ਸੇਵਾਵਾਂ (ਰੈਜ਼ੋਲਿਊਸ਼ਨ ਸਰਵਿਸਿਜ਼) ਅਦਾਲਤੀ ਪ੍ਰਕਿਰਿਆ ਵਿੱਚ ਅਲਬਰਟਾ ਵਾਸੀਆਂ ਦੀ ਮਦਦ ਕਰਨ ਲਈ ਉਹਨਾਂ ਦੇ ਕਾਨੂੰਨੀ ਮੁੱਦਿਆਂ ਨੂੰ ਹੱਲ ਕਰਨ ਵਿੱਚ, ਮਦਦ ਕਰਨ ਲਈ ਇਹ ਇੱਕ ਪਹਿਲਾ ਸੰਪਰਕ ਦਿੰਦੀ ਹੈ। ਬ੍ਰਾਂਚ ਨੂੰ ਫ਼ੋਨ ਰਾਹੀਂ ਪਹੁੰਚਿਆ ਜਾ ਸਕਦਾ ਹੈ: 780-638-4747 ਜਾਂ ਟੋਲ ਫ੍ਰੀ: 1-855-738-4747

ਕਿਰਪਾ ਕਰਕੇ ਯਾਦ ਰੱਖੋ ਕਿ ਰੈਜ਼ੋਲਿਊਸ਼ਨ ਸੇਵਾਵਾਂ ਪੇਸ਼ ਨਹੀਂ ਕਰਦੀਆਂ ਹਨ:

- ਕਾਨੂੰਨੀ ਸਲਾਹ
- ਕਾਨੂੰਨੀ ਸਮੱਸਿਆਵਾਂ ਦੇ ਹੱਲ
- ਕਨੂੰਨੀ ਅਰਜ਼ੀਆਂ ਦੇਣ ਵਿੱਚ ਮਦਦ ਜਾਂ ਅਦਾਲਤੀ ਫਾਰਮਾਂ ਲਈ ਕੀ ਲਿਖਣਾ ਹੈ ਇਸ ਬਾਰੇ ਸਲਾਹ

7. ਕਾਨੂੰਨੀ ਮਦਦ

- ਲੀਗਲ ਏਡ ਅਲਬਰਟਾ ਨੂੰ 780-427-7575 ਜਾਂ www.legalaid.ab.ca (ਕਾਨੂੰਨੀ ਮੁਫ਼ਤ ਸੇਵਾਵਾਂ) 'ਤੇ ਜਾ ਕੇ ਸੰਪਰਕ ਕੀਤਾ ਜਾ ਸਕਦਾ ਹੈ।
- ਫੈਮਿਲੀ ਕੋਰਟ ਕਾਉਂਸਲਰ ਨੂੰ 780-427-8343 'ਤੇ ਕਾਲ ਕਰਕੇ ਸੰਪਰਕ ਕੀਤਾ ਜਾ ਸਕਦਾ ਹੈ
- ਅਦਾਲਤ ਦੀ ਤਿਆਰੀ - ਘਰੇਲੂ ਹਿੰਸਾ ਦੇ ਸ਼ਿਕਾਇਤਕਰਤਾ ਸਹਾਇਤਾ ਪ੍ਰੋਗਰਾਮ ਨੂੰ 780-422-0721 'ਤੇ ਸੰਪਰਕ ਕੀਤਾ ਜਾ ਸਕਦਾ ਹੈ।
- ਪਾਲਤੂ ਜਾਨਵਰਾਂ ਦੀ ਸੁਰੱਖਿਆ ਦਾ ਪ੍ਰੋਗਰਾਮ 780-447-3600 ext.3750 'ਤੇ ਕਾਲ ਕਰਕੇ ਜਾਂ **aasap@albertaspca.org** 'ਤੇ ਈਮੇਲ ਕਰਕੇ ਉਪਲਬਧ ਹੈ।

9. ਰਿਹਾਇਸ਼ੀ ਕਿਰਾਏਦਾਰੀ (ਘਰੇਲੂ ਹਿੰਸਾ ਦੇ ਪੀੜਤਾਂ ਲਈ ਸੁਰੱਖਿਅਤ ਥਾਵਾਂ) ਸੋਧ ਧਾਰਾ (ਐਕਟ)

- ਜੇਕਰ ਤੁਹਾਨੂੰ ਅਤੇ/ਜਾਂ ਤੁਹਾਡੇ ਬੱਚਿਆਂ ਨੂੰ ਨੁਕਸਾਨ ਹੋਣ ਦਾ ਖਤਰਾ ਹੈ, ਤਾਂ ਤੁਸੀਂ ਵਿੱਤੀ ਜੁਰਮਾਨੇ ਤੋਂ ਬਿਨਾਂ ਕਿਰਾਏ ਦੇ ਸਮਝੌਤੇ ਨੂੰ ਤੋੜ ਸਕਦੇ ਹੋ। ਸਹਾਇਤਾ ਲਈ 310-000 ਜਾਂ 780-422-4080 'ਤੇ ਸੰਪਰਕ ਕਰੋ।

10. ਦੇਖਭਾਲ ਅਤੇ ਸਹਾਇਤਾ

- ਮੇਨਟੇਨੈਂਸ ਇਨਫੋਰਸਮੈਂਟ ਪ੍ਰੋਗਰਾਮ (MEP) ਭੁਗਤਾਨ ਇਕੱਠਾ ਕਰਕੇ ਅਤੇ ਸਹੀ ਲੋਕਾਂ ਨੂੰ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੁੰਦਾ ਹੈ ਜੋ ਕਿ ਬਾਲ ਸਹਾਇਤਾ ਲਈ ਅਤੇ ਪਤੀ-ਪਤਨੀ ਦੇ ਆਦੇਸ਼ਾਂ ਨੂੰ ਲਾਗੂ ਕਰਨ ਵਿੱਚ ਸਹਾਈ ਹੁੰਦਾ ਹੈ। MEP ਨੂੰ 780-422-5555 'ਤੇ ਸੰਪਰਕ ਕਰੋ। ਕਾਲ ਕਰਕੇ ਪਹੁੰਚਿਆ ਜਾ ਸਕਦਾ ਹੈ।